**ਤਿਲੰਗ ਮਹਲਾ ੫ ॥ ਮੀਰਾਂ ਦਾਨਾਂ ਦਿਲ ਸੋਚ ॥ ਮੁਹਬਤੇ ਮਨਿ ਤਨਿ ਬਸੈ ਸਚੁ ਸਾਹ ਬੰਦੀ ਮੋਚ ॥੧॥ ਰਹਾਉ ॥ ਦੀਦਨੇ ਦੀਦਾਰ ਸਾਹਿਬ ਕਛੁ ਨਹੀ ਇਸ ਕਾ ਮੋਲੁ ॥ ਪਾਕ ਪਰਵਦਗਾਰ ਤੂ ਖੁਦਿ ਖਸਮੁ ਵਡਾ ਅਤੋਲੁ ॥੧ ॥ ਦਸ੍ਤਗੀਰੀ ਦੇਹਿ ਦਿਲਾਵਰ ਤੂਹੀ ਤੂਹੀ ਏਕ ॥ ਕਰਤਾਰ ਕੁਦਰਤਿ ਕਰਣ ਖਾਲਕ ਨਾਨਕ ਤੇਰੀ ਟੇਕ ॥੨॥੫॥** {ਪੰਨਾ 724}

ਪਦਅਰਥ:- ਮੀਰਾਂ—ਹੇ ਸਰਦਾਰ! ਦਾਨਾਂ—ਹੇ ਸਿਆਣੇ! ਦਿਲ ਸੋਚ—ਹੇ (ਜੀਵਾਂ ਦੇ) ਦਿਲਾਂ ਨੂੰ ਪਵਿਤ੍ਰ ਕਰਨ ਵਾਲੇ! ਸੋਚ—ਪਵਿਤ੍ਰਤਾ। ਮੁਹਬਤੇ—ਤੇਰੀ ਮੁਹੱਬਤ। ਮਨਿ—ਮਨ ਵਿਚ। ਤਨਿ—ਤਨ ਵਿਚ। ਸਚੁ ਸਾਹ—ਹੇ ਸਦਾ ਕਾਇਮ ਰਹਿਣ ਵਾਲੇ ਸ਼ਾਹ! ਬੰਦੀ ਮੋਚ—ਹੇ ਬੰਧਨਾਂ ਤੋਂ ਛੁਡਾਣ ਵਾਲੇ! ਬੰਦੀ—ਕੈਦ।1। ਰਹਾਉ।

ਦੀਦਨ—ਵੇਖਣਾ। ਸਾਹਿਬ—ਹੇ ਮਾਲਕ! ਇਸ ਕਾ—{ਲਫ਼ਜ਼ 'ਇਸੁ' ਦਾ ੁ ਸੰਬੰਧਕ 'ਕਾ' ਦੇ ਕਾਰਨ ਉੱਡ ਗਿਆ ਹੈ }। ਪਾਕ—ਹੇ ਪਵਿਤ੍ਰ! ਪਰਵਦਗਾਰ—ਹੇ ਪਾਲਣਹਾਰ! ਖੁਦਿ—ਖ਼ੁਦਿ, ਆਪ।1।

ਦਸ੍ਤ—ਹੱਥ। ਦਸ੍ਤਗੀਰੀ—ਹੱਥ ਫੜਨ ਦੀ ਕ੍ਰਿਆ, ਸਹਾਇਤਾ। ਦਸ੍ਤਗੀਰੀ ਦੇਹਿ—(ਮੇਰਾ) ਹੱਥ ਫੜ, ਮੇਰੀ ਸਹਾਇਤਾ ਕਰ। ਦਿਲਾਵਰ—ਹੇ ਦਿਲਾਵਰ! ਹੇ ਸੂਰਮੇ ਪ੍ਰਭੂ! ਕਰਤਾਰ—ਹੇ ਕਰਤਾਰ! ਕੁਦਰਤਿ ਕਰਣ—ਹੇ ਕੁਦਰਤਿ ਦੇ ਰਚਨਹਾਰ! ਖਾਲਕ—ਹੇ ਖ਼ਲਕਤ ਦੇ ਮਾਲਕ! ਟੇਕ—ਆਸਰਾ।2।

ਅਰਥ:- ਹੇ ਸਰਦਾਰ! ਹੇ ਸਿਆਣੇ! ਹੇ (ਜੀਵਾਂ ਦੇ) ਦਿਲਾਂ ਨੂੰ ਪਵਿਤ੍ਰ ਕਰਨ ਵਾਲੇ! ਹੇ ਸਦਾ-ਥਿਰ ਸ਼ਾਹ! ਹੇ ਬੰਦਨਾਂ ਤੋਂ ਛੁਡਾਣ ਵਾਲੇ! ਤੇਰੀ ਮੁਹੱਬਤ ਮੇਰੇ ਮਨ ਵਿਚ ਮੇਰੇ ਹਿਰਦੇ ਵਿਚ ਵੱਸ ਰਹੀ ਹੈ।1। ਰਹਾਉ।

ਹੇ ਮਾਲਕ! ਤੇਰਾ ਦਰਸਨ ਕਰਨਾ (ਇਕ ਅਮੋਲਕ ਦਾਤਿ ਹੈ), ਤੇਰੇ ਇਸ (ਦਰਸਨ) ਦਾ ਕੋਈ ਮੁੱਲ ਨਹੀਂ ਕੀਤਾ ਜਾ ਸਕਦਾ। ਹੇ ਪਵਿਤ੍ਰ! ਹੇ ਪਾਲਣਹਾਰ! ਤੂੰ ਆਪ (ਸਾਡਾ) ਖਸਮ ਹੈਂ ਤੂੰ ਸਭ ਤੋਂ ਵੱਡਾ ਹੈਂ, ਤੇਰੀ ਵੱਡੀ ਹਸਤੀ ਨੂੰ ਤੋਲਿਆ ਨਹੀਂ ਜਾ ਸਕਦਾ।1।

ਹੇ ਸੂਰਮੇ ਪ੍ਰਭੂ! ਮੇਰੀ ਸਹਾਇਤਾ ਕਰ, ਇਕ ਤੂੰ ਹੀ (ਮੇਰਾ ਆਸਰਾ) ਹੈਂ। ਹੇ ਨਾਨਕ! (ਆਖ—) ਹੇ ਕਰਤਾਰ! ਹੇ ਕੁਦਰਤਿ ਦੇ ਰਚਨਹਾਰ! ਹੇ ਖ਼ਲਕਤ ਦੇ ਮਾਲਕ! ਮੈਨੂੰ ਤੇਰਾ ਸਹਾਰਾ ਹੈ।2।5।